# ਖੁੱਲ੍ਹੇ ਖੇਤ ਵਿੱਚ ਵਪਾਰਕ ਬਾਗਬਾਨੀ ਦੇ ਵਿਕਾਸ ਲਈ ਐਨ ਐਚ ਬੀ ਦੀ ਪਹਿਲ

ਭਾਰਤ ਸਰਕਾਰ ਦਾ ਰਾਸ਼ਟਰੀ ਬਾਗਬਾਨੀ ਬੋਰਡ (ਐਨ ਐਚ ਬੀ) ਵਪਾਰਕ ਬਾਗਬਾਨੀ ਦੇ ਵਿਕਾਸ ਲਈ ਇੱਕ ਵਿੱਤੀ ਸਹਾਇਤਾ ਯੋਜਨਾ ਚਲਾ ਰਿਹਾ ਹੈ। ਯੋਜਨਾ ਦੇ ਤਹਿਤ, ਐਨ ਐਚ ਬੀ ਖੁੱਲ੍ਹੇ ਖੇਤ ਵਿੱਚ ਏਕੀਕ੍ਰਿਤ ਵਪਾਰਕ ਬਾਗਬਾਨੀ ਵਿਕਾਸ ਯੋਜਨਾ ਨੂੰ ਪ੍ਰਾਜੈਕਟ ਮੋਡ 'ਤੇ ਚਲਾ ਰਿਹਾ ਹੈ, ਜਿਸ ਵਿੱਚ ਪੌਦ ਸਮੱਗਰੀ, ਪੌਦੇ ਲਾਉਣਾ, ਸਿੰਚਾਈ, ਖਾਦ, ਮਸ਼ੀਨੀਕਰਨ, ਸਟੀਕ ਖੇਤੀ ਅਤੇ ਚੰਗੇ ਖੇਤੀਬਾੜੀ ਅਭਿਆਸ (ਜੀ ਏ ਪੀ) ਸ਼ਾਮਲ ਹਨ।

ਇਹ ਯੋਜਨਾ 2  ਹੈਕਟੇਅਰ (5 ਏਕੜ) ਤੋਂ ਵੱਧ ਰਕਬੇ ਵਾਲੇ ਪ੍ਰਾਜੈਕਟਾਂ ਲਈ ਹੈ। ਭਾਰਤ ਦੇ ਉੱਤਰ-ਪੂਰਬੀ ਖੇਤਰ ਵਿੱਚ 1 ਏਕੜ ਤੋਂ ਵੱਧ ਰਕਬੇ ਵਾਲੇ ਪ੍ਰਾਜੈਕਟ ਇਸ ਯੋਜਨਾ ਲਈ ਯੋਗ ਹਨ।

**ਸਹਾਇਤਾ ਦੀ ਸ਼ੈਲੀ:** ਕ੍ਰੈਡਿਟ-ਲਿੰਕਡ ਬੈਕ-ਐਂਡ ਸਬਸਿਡੀ ਆਮ ਖੇਤਰਾਂ ਵਿੱਚ ਪ੍ਰਤੀ ਪ੍ਰਾਜੈਕਟ ਕੁੱਲ ਲਾਗਤ ਦਾ 40% ਜਾਂ 30 ਲੱਖ ਰੁਪਏ, ਜਿਹੜਾ ਵੀ ਘੱਟ ਹੋਵੇ, ਤੱਕ ਸੀਮਤ ਅਤੇ ਉੱਤਰ-ਪੂਰਬੀ ਖੇਤਰ, ਪਹਾੜੀ ਰਾਜਾਂ ਅਤੇ ਅਨੁਸੂਚਿਤ ਖੇਤਰਾਂ ਵਿੱਚ ਪ੍ਰਾਜੈਕਟ ਲਾਗਤ ਦਾ 50% ਜਾਂ 37.50 ਲੱਖ ਰੁਪਏ, ਜਿਹੜਾ ਵੀ ਘੱਟ ਹੋਵੇ, ਤਕ ਸੀਮਤ, ਜਿਸਦਾ ਮਤਲਬ ਹੈ ਕਿ ਲਾਭਪਾਤਰੀਆਂ ਨੂੰ ਮਨੋਨੀਤ ਬੈਂਕਾਂ ਤੋਂ ਕਰਜ਼ਾ ਲੈਣ ਤੋਂ ਬਾਅਦ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ।

ਯੋਜਨਾ ਦੇ ਤਹਿਤ, ਪ੍ਰਾਜੈਕਟ ਮੋਡ ਵਿੱਚ ਖੇਤੀ ਤੋਂ ਬਾਅਦ ਦੇ ਪ੍ਰਬੰਧਨ (ਪੀ ਐਚ ਐਮ) ਭਾਗਾਂ ਅਤੇ ਪ੍ਰਾਇਮਰੀ ਪ੍ਰੋਸੈਸਿੰਗ ਇਕਾਈਆਂ ਦੇ ਨਾਲ ਉਤਪਾਦਨ ਅਦਾਰਿਆਂ ਦੇ ਏਕੀਕਰਨ ਦੀ ਆਗਿਆ ਹੈ। ਐਨ ਐਚ ਬੀ ਦੇ ਮੁਤਾਬਿਕ, ਨਵੇਂ ਬੂਟਿਆਂ ਕੀ ਕਾਸ਼ਤ ਦੀ ਲਾਗਤ ਹਰ ਫਸਲ ਲਈ ਵੱਖਰੀ ਹੋਵੇਗੀ, ਜਿਸਨੂੰ ਲਾਭਪਾਤਰੀ ਨੂੰ ਸਹਾਇਤਾ ਪ੍ਰਦਾਨ ਕਰਦਿਆਂ ਸਮੇਂ ਧਿਆਨ ਵਿੱਚ ਰੱਖਿਆ ਜਾਵੇਗਾ।

ਖੁੰਬ ਅਤੇ ਟਿਸ਼ੂ ਕਲਚਰ 'ਤੇ ਏਕੀਕ੍ਰਿਤ ਉਤਪਾਦਨ ਇਕਾਈਆਂ ਵੀ ਇਸ ਯੋਜਨਾ ਦੇ ਤਹਿਤ ਸਹਾਇਤਾ ਲਈ ਯੋਗ ਹਨ। ਖੇਤੀਬਾੜੀ ਮਸ਼ੀਨਰੀ ਅਤੇ ਪੀ ਐਚ ਐਮ ਬੁਨਿਆਦੀ ਢਾਂਚਾ, ਸਿੰਜਾਈ ਅਤੇ ਸੂਖਮ-ਸਿੰਜਾਈ ਵਰਗੇ ਹਿੱਸੇ ਉਤਪਾਦਕਤਾ ਵਧਾਉਣ ਲਈ ਮੌਜੂਦਾ/ਨਵੇਂ ਬਾਗਾਂ/ਪ੍ਰਾਜੈੱਕਟਾਂ ਵਿੱਚ ਸਹਾਇਤਾ ਲਈ ਯੋਜਨਾ ਦੇ ਅਧੀਨ ਯੋਗ ਹਨ।

**ਵਿੱਤੀ ਸਹਾਇਤਾ ਲਈ ਯੋਗਤਾ**

ਨਿਜੀ ਵਿਅਕਤੀ, ਕਿਸਾਨ ਉਤਪਾਦਕ/ਖਪਤਕਾਰ ਸਮੂਹ, ਕਿਸਾਨ ਉਤਪਾਦਕ ਸੰਸਥਾਵਾਂ (ਐ ਪੀ ਓ), ਭਾਈਵਾਲੀ/ਮਾਲਕੀਅਤ ਫਰਮਾਂ, ਸਵੈ-ਸਹਾਇਤਾ ਸਮੂਹ (ਐਸ ਐਚ ਜੀ), ਗੈਰ-ਸਰਕਾਰੀ ਸੰਸਥਾਵਾਂ, ਕੰਪਨੀਆਂ, ਕਾਰਪੋਰੇਸ਼ਨਾਂ, ਸਹਿਕਾਰੀ, ਸਹਿਕਾਰੀ ਮਾਰਕੀਟਿੰਗ ਫੈਡਰੇਸ਼ਨਾਂ, ਖੇਤੀਬਾੜੀ ਉਤਪਾਦ ਮਾਰਕੀਟਿੰਗ ਕਮੇਟੀਆਂ, ਮਾਰਕੀਟਿੰਗ ਬੋਰਡ/ਕਮੇਟੀਆਂ, ਮਿਉਂਸਪਲ ਕਾਰਪੋਰੇਸ਼ਨਾਂ/ਕਮੇਟੀਆਂ, ਖੇਤੀ-ਉਦਯੋਗ ਇਕਾਈਆਂ, ਰਾਜ ਖੇਤੀਬਾੜੀ ਯੂਨੀਵਰਸਿਟੀਆਂ (ਐਸ ਏ ਯੂ) ਅਤੇ ਹੋਰ ਸਬੰਧਤ ਖੋਜ ਅਤੇ ਵਿਕਾਸ ਸੰਸਥਾਵਾਂ ਇਸ ਯੋਜਨਾ ਤਹਿਤ ਵਿੱਤੀ ਸਹਾਇਤਾ ਦੇ ਯੋਗ ਹਨ।

ਵੱਖ-ਵੱਖ ਫਲ, ਮਸਾਲੇ, ਜੜ੍ਹੀ-ਬੂਟੀਆਂ ਅਤੇ ਚਿਕਿਤਸਕ ਪੌਦਿਆਂ ਵਾਲੀਆਂ ਫ਼ਸਲਾਂ ਲਈ ਇਸ ਯੋਜਨਾ ਅਧੀਨ ਵਿੱਤੀ ਸਹਾਇਤਾ ਦੀ ਪੇਸ਼ਕਸ਼ ਕੀਤੀ ਜਾਂਦੀ ਹੈ। ਯੋਜਨਾ, ਯੋਗਤਾ ਅਤੇ ਖੁੱਲ੍ਹੇ ਖੇਤ ਦੀ ਕਾਸ਼ਤ ਲਈ ਲਾਗਤ ਮਾਪਦੰਡਾਂ ਬਾਰੇ ਵੇਰਵੇ ਐਨ ਐਚ ਬੀ ਦੀ ਵੈੱਬਸਾਈਟ http://www.nhb.gov.in 'ਤੇ ਦਿੱਤੇ ਗਏ ਹਨ।